City of Mississauga
300 City Centre Drive
Mississauga, ON L5B 3C1

# News Release

mississauga.ca facebook.com/citymississauga x.com/citymississauga

## 2026 ਦੀਆਂ ਚੋਣਾਂ ਦੇ ਉਮੀਦਵਾਰਾਂ ਦੀ ਅਧਿਕਾਰਤ ਸੂਚੀ ਹੁਣ ਉਪਲਬਧ ਹੈ

2026 ਦੀਆਂ ਮਿਊਨਿਸਿਪਲ ਚੋਣਾਂ (2026 Municipal Election) ਦੇ ਉਮੀਦਵਾਰਾਂ ਦੀ ਸੂਚੀ ਫਾਈਨਲ ਹੋ ਗਈ ਹੈ। ਜਾਣੋ ਕਿ ਮੇਅਰ (Mayor), ਕੌਂਸਲਰ (Councillor) ਅਤੇ ਸਕੂਲ ਬੋਰਡ ਟ੍ਰਸਟੀ (School Board Trustee) ਲਈ ਕੌਣ ਚੋਣ ਲੜ ਰਿਹਾ ਹੈ।

25 ਅਗਸਤ, 2026

2026 ਦੀਆਂ ਮਿਊਨਿਸਿਪਲ ਚੋਣਾਂ ਦੇ ਉਮੀਦਵਾਰਾਂ ਦੀ ਅਧਿਕਾਰਤ ਸੂਚੀ ਫਾਈਨਲ ਹੋ ਗਈ ਹੈ। ਇੱਕ ਸੌ ਅਠਾਈ ਉਮੀਦਵਾਰ, Mississauga ਦੀਆਂ ਹੋਣ ਵਾਲੀਆਂ 2026 ਦੀਆਂ ਮਿਊਨਿਸਿਪਲ ਚੋਣਾਂ ਵਿੱਚ ਲੜ ਰਹੇ ਹਨ। ਸਰਟੀਫਾਈਡ ਉਮੀਦਵਾਰਾਂ ਦੀ ਸੂਚੀ ਦੀ ਸਮੀਖਿਆ ਕਰੋ (Review the list of certified candidates)।

### ਸਰਬਸੰਮਤੀ ਨਾਲ ਚੁਣੇ ਗਏ

ਹੇਠਾਂ ਦਿੱਤੇ ਉਮੀਦਵਾਰਾਂ ਨੇ ਬਿਨਾਂ ਵਿਰੋਧ ਚੋਣਾਂ ਲੜੀਆਂ ਅਤੇ ਸਰਬਸੰਮਤੀ ਨਾਲ ਚੁਣੇ ਗਏ:

**ਸਕੂਲ ਬੋਰਡ ਟ੍ਰਸਟੀ, ਅੰਗਰੇਜ਼ੀ ਵੱਖਰਾ:** Mario Pascucci, ਵਾਰਡ 1 ਅਤੇ 3
**ਸਕੂਲ ਬੋਰਡ ਟ੍ਰਸਟੀ, ਅੰਗਰੇਜ਼ੀ ਵੱਖਰਾ:** Stefano Pascucci, ਵਾਰਡ 4
**ਸਕੂਲ ਬੋਰਡ ਟ੍ਰਸਟੀ, ਅੰਗਰੇਜ਼ੀ ਵੱਖਰਾ:** Luz Del Rosario, ਵਾਰਡ 6 ਅਤੇ 11
**ਸਕੂਲ ਬੋਰਡ ਟ੍ਰਸਟੀ, ਫ੍ਰੈਂਚ ਵੱਖਰਾ:** Jennifer Green-Frank, ਸ਼ਹਿਰ ਭਰ ਵਿੱਚ

### 2026 ਦੀਆਂ ਮਿਊਨਿਸਿਪਲ ਚੋਣਾਂ ਬਾਰੇ

2026 ਦੀਆਂ ਮਿਊਨਿਸਿਪਲ ਚੋਣਾਂ ਸੋਮਵਾਰ, 26 ਅਕਤੂਬਰ, 2026 ਨੂੰ ਹਨ। Mississauga ਦੇ ਵੋਟਰ ਆਪਣੇ ਖੇਤਰ ਲਈ, ਮੇਅਰ, ਵਾਰਡ/ਰੀਜਨਲ ਕੌਂਸਲਰ ਅਤੇ ਸਕੂਲ ਬੋਰਡ ਟ੍ਰਸਟੀ ਦੀ ਚੋਣ ਕਰਨਗੇ।

ਜੇਕਰ ਤੁਸੀਂ ਇਲੈਕਸ਼ਨ ਡੇ (Election Day) ਨੂੰ ਵੋਟ ਨਹੀਂ ਪਾ ਸਕਦੇ, ਜਾਂ ਪਹਿਲਾਂ ਵੋਟ ਪਾਉਣਾ ਵਧੇਰੇ ਅਸਾਨ ਹੈ, ਤਾਂ ਤੁਸੀਂ ਐਡਵਾਂਸ ਵੋਟਿੰਗ (Advance Voting) ਵਿੱਚ ਹਿੱਸਾ ਲੈ ਸਕਦੇ ਹੋ, ਜੋ 6 ਤੋਂ 11 ਅਕਤੂਬਰ ਤੱਕ ਖੁੱਲ੍ਹਣਗੀਆਂ। ਵੋਟਰ ਕਿਸੇ ਵੀ

ਐਡਵਾਂਸ ਵੋਟਿੰਗ ਸਥਾਨ ਵਿਖੇ ਵੋਟ ਪਾ ਸਕਦੇ ਹਨ। ਵੋਟਿੰਗ ਸਥਾਨਾਂ ਦੀ ਇੱਕ ਸੂਚੀ ਆਉਣ ਵਾਲੇ ਹਫਤਿਆਂ ਵਿੱਚ ਔਨਲਾਈਨ ਸਾਂਝੀ ਕੀਤੀ ਜਾਵੇਗੀ।

ਇਲੈਕਸ਼ਨ ਡੇ, 26 ਅਕਤੂਬਰ ਨੂੰ, ਵੋਟਰ ਆਪਣੇ ਵਾਰਡ ਵਿੱਚ ਕਿਸੇ ਵੀ ਵੋਟਿੰਗ ਸਥਾਨ ਵਿਖੇ ਵੋਟ ਪਾ ਸਕਦੇ ਹਨ।

2026 ਦੀਆਂ ਮਿਊਨਿਸਿਪਲ ਚੋਣਾਂ ਬਾਰੇ ਵਧੇਰੇ ਜਾਣਕਾਰੀ ਲਈ, mississauga.ca/elections ‘ਤੇ ਜਾਓ।

-30-

## ਮੀਡੀਆ ਸੰਪਰਕ:

Mississauga ਸ਼ਹਿਰ ਮੀਡੀਆ ਰਿਲੇਸ਼ਨਸ
media@mississauga.ca
905-615-3200, ਐਕਸਟੈਨਸ਼ਨ 5232
TTY: 905-896-5151